Punjabi | ਪੰਜਾਬੀ

# ਆਪਣੇ ਨਵੇਂ ਕੂੜੇਦਾਨ ਦੀ ਵਰਤੋਂ ਸ਼ੁਰੂ ਕਰੋ!



### ਤੁਹਾਡਾ ਨਵਾਂ 240L ਦਾ ਹਰੇ ਢੱਕਣ ਵਾਲਾ ਫੂਡ ਆਰਗੈਨਿਕਸ ਅਤੇ ਗਾਰਡਨ ਆਰਗੈਨਿਕਸ ਕੂੜੇਦਾਨ, ਬੈਂਚ-ਟਾਪ 'ਤੇ ਰੱਖੀ ਜਾਣ ਵਾਲੀ ਰਸੋਈ ਕੈਡੀ ਅਤੇ ਮੰਨਜ਼ੂਰਸ਼ੁਦਾ ਕੈਡੀ ਲਾਈਨਰਾਂ ਦੀ 1 ਸਾਲ ਦੀ ਸਪਲਾਈ ਆ ਚੁੱਕੀ ਹੈ!

## ਤੁਹਾਡਾ ਕੂੜਾ ਚੁੱਕਣ ਵਾਲਾ ਦਿਨ ਨਹੀਂ ਬਦਲਦਾ ਹੈ!

ਹਰ ਹਫ਼ਤੇ ਤੁਹਾਡਾ ਹਰੇ-ਢੱਕਣ ਵਾਲਾ FOGO ਕੂੜੇਦਾਨ ਪੀਲੇ-ਢੱਕਣ ਵਾਲੇ ਰੀਸਾਈਕਲਿੰਗ ਕੂੜੇਦਾਨ ਜਾਂ ਲਾਲ-ਢੱਕਣ ਵਾਲੇ ਆਮ ਕੂੜੇ ਵਾਲੇ ਕੂੜੇਦਾਨ ਨਾਲ ਬਾਹਰ ਰੱਖਿਆ ਜਾਵੇਗਾ। ਤੁਹਾਡਾ ਰੀਸਾਈਕਲਿੰਗ ਕੂੜੇਦਾਨ ਪਹਿਲਾਂ ਵਾਲੇ ਪੰਦਰਵਾੜੇ ਨੂੰ ਹੀ ਚੁੱਕਿਆ ਜਾਣਾ ਜਾਰੀ ਰਹੇਗਾ, ਅਤੇ ਤੁਹਾਡਾ ਆਮ ਕੂੜਾ-ਕਰਕਟ ਹੁਣ ਅਗਲੇ ਪੰਦਰਵਾੜੇ ਨੂੰ ਚੁੱਕਿਆ ਜਾਵੇਗਾ।

**ਇਸ ਬਾਰੇ ਯਕੀਨੀ ਨਹੀਂ ਹੋ ਕਿ ਕੂੜਾ ਚੁੱਕਣ ਵਾਲੇ ਦਿਨ ਕਿਹੜਾ ਕੂੜੇਦਾਨ ਬਾਹਰ ਜਾਂਦਾ ਹੈ?** ਇਸ QR ਕੋਡ ਨੂੰ ਸਕੈਨ ਕਰੋ ਅਤੇ ਇਹ ਪਤਾ ਕਰਨ ਲਈ ਆਪਣਾ ਪਤਾ ਭਰੋ ਕਿ ਤੁਹਾਡੇ ਕੂੜੇਦਾਨਾਂ ਨੂੰ ਕਿਸ ਦਿਨ ਚੁੱਕਿਆ ਜਾਣਾ ਹੈ!

## ਨੈਪੀਆਂ

ਤੁਹਾਡੇ ਕੂੜੇਦਾਨ ਵਿੱਚ ਨੈਪੀਆਂ ਦੀ ਬਦਬੂ ਨੂੰ ਰੋਕਣ ਲਈ:

- ਆਪਣੇ ਲਾਲ ਢੱਕਣ ਵਾਲੇ ਕੂੜੇਦਾਨ ਨੂੰ ਛਾਂ ਵਿੱਚ ਰੱਖੋ।
- ਆਪਣੀਆਂ ਨੈਪੀਆਂ ਨੂੰ ਦੋਹਰੇ ਲਿਫ਼ਾਫ਼ੇ ਵਿੱਚ ਕਰੋ।
- ਆਪਣੇ ਲਾਲ ਢੱਕਣ ਵਾਲੇ ਕੂੜੇਦਾਨ ਵਿੱਚ ਨੈਪੀਆਂ ਪਾਉਣ ਤੋਂ ਪਹਿਲਾਂ ਕਿਸੇ ਵੀ ਠੋਸ ਮਲ-ਤਿਆਗ ਦਾ ਨਿਪਟਾਰਾ ਟਾਇਲਟ ਵਿੱਚ ਕਰੋ।
- ਗੰਧ ਹਟਾਉਣ ਵਾਲੇ ਉਤਪਾਦਾਂ ਦੀ ਵਰਤੋਂ ਕਰੋ ਜਿਵੇਂ ਕਿ ਗੰਧ ਹਟਾਉਣ ਵਾਲੇ ਕ੍ਰਿਸਟਲ ਜਾਂ ਬਿਨ ਫਰੈਸ਼ਨਰ।

## ਮੈਨੂੰ ਰੱਖੋ!

ਇਸ ਫਲਾਇਰ ਨੂੰ ਆਪਣੇ ਫਰਿੱਜ 'ਤੇ ਰੱਖੋ ਜਾਂ ਕਿਤੇ ਹੱਥ ਪਹੁੰਚ ਵਿੱਚ ਰੱਖੋ!

## ਆਪਣਾ ਕੂੜੇਦਾਨ ਬਾਹਰ ਰੱਖ ਰਹੇ ਹੋ

ਕੂੜਾ ਚੁੱਕਣ ਵਾਲੇ ਦਿਨ ਤੋਂ ਪਹਿਲਾਂ ਰਾਤ ਨੂੰ ਆਪਣਾ ਕੂੜੇਦਾਨ ਬਾਹਰ ਰੱਖੋ।

- ਜਦੋਂ ਇਹ ਖਾਲੀ ਹੋਵੇ (24 ਘੰਟਿਆਂ ਦੇ ਅੰਦਰ) ਇਸਨੂੰ ਅੰਦਰ ਲਿਆਓ।
- ਕਿਸੇ ਵੀ ਰੁਕਾਵਟ (ਰੁੱਖਾਂ, ਖੰਭਿਆਂ, ਚਿੰਨ੍ਹਾਂ) ਤੋਂ ਦੂਰ, ਆਪਣੇ ਕੂੜੇਦਾਨ ਨੂੰ ਸੜਕ ਦੇ ਨਾਲ-ਨਾਲ ਬਣੀ ਘਾਹ ਦੀ ਪੱਟੀ (ਕਰਬਸਾਈਡ) 'ਤੇ ਰੱਖੋ।
- ਆਪਣੇ ਕੂੜੇਦਾਨਾਂ ਵਿਚਕਾਰ ਘੱਟੋ-ਘੱਟ 1 ਮੀਟਰ ਦੀ ਦੂਰੀ ਰੱਖੋ।
- ਯਕੀਨੀ ਬਣਾਓ ਕਿ ਇਸਦਾ ਮੂੰਹ ਸੜਕ ਵੱਲ ਹੈ (ਹੈਂਡਲ ਤੁਹਾਡੇ ਘਰ ਵੱਲ ਹੋਣਾ ਚਾਹੀਦਾ ਹੈ)।
- ਆਪਣੇ ਕੂੜੇਦਾਨ ਨੂੰ ਜ਼ਿਆਦਾ ਨਾ ਭਰੋ - ਯਕੀਨੀ ਬਣਾਓ ਕਿ ਢੱਕਣ ਬੰਦ ਹੋ ਸਕਦਾ ਹੈ! ਵੱਧ ਤੋਂ ਵੱਧ ਭਾਰ 80 ਕਿਲੋਗ੍ਰਾਮ।

## ਹੋਰ ਜਾਣਕਾਰੀ

ਅਸੀਂ ਮੱਦਦ ਕਰਨ ਲਈ ਇੱਥੇ ਹਾਂ!

ਜੇਕਰ ਤੁਹਾਡੇ ਕੋਲ ਨਵੀਂ FOGO ਸੇਵਾ ਬਾਰੇ ਕੋਈ ਸਵਾਲ ਹਨ, ਕਿਹੜੀਆਂ ਚੀਜ਼ਾਂ ਕਿਸ ਕੂੜੇਦਾਨ ਵਿੱਚ ਜਾ ਸਕਦੀਆਂ ਹਨ, ਤੁਹਾਡੀ ਕੈਡੀ ਦੀ ਵਰਤੋਂ ਕਿਵੇਂ ਕਰਨੀ ਹੈ, ਜਾਂ ਸਿਰਫ਼ ਕੋਈ ਸਵਾਲ ਪੁੱਛਣਾ ਚਾਹੁੰਦੇ ਹੋ, **ਤਾਂ ਹੇਠਾਂ ਦਿੱਤੇ QR ਕੋਡ ਨੂੰ ਕਿਸੇ ਵੀ ਅਨੁਕੂਲ ਉਪਕਰਨ ਨਾਲ ਸਕੈਨ ਕਰੋ!**

## ਜਾਂ ਸਾਡੇ ਨਾਲ ਸੰਪਰਕ ਕਰੋ:

**ਅਲਪਾਈਨ ਸ਼ਾਇਰ ਕੌਂਸਲ**

info@alpineshire.vic.gov.au

03 5755 0555

# ਆਪਣੇ ਨਵੇਂ ਕੂੜੇਦਾਨ ਦਾ ਵੱਧ ਤੋਂ ਵੱਧ ਲਾਹਾ ਲਓ

## ਤੁਹਾਡੇ ਵੱਲੋਂ ਘਰ ਵਿੱਚ ਚੀਜ਼ਾਂ ਰੀਸਾਈਕਲ ਕਰਨ ਦਾ ਤਰੀਕਾ ਹਮੇਸ਼ਾ ਲਈ ਬਦਲ ਰਿਹਾ ਹੈ




ALPINE SHIRE COUNCIL

Sustainability Victoria

VICTORIA State Government

# ਭੋਜਨ ਅਤੇ ਬਾਗ ਜੈਵਿਕ

## ਹਫ਼ਤਾਵਾਰੀ ਸੇਵਾ

**ਕੇਵਲ ਭੋਜਨ ਸੰਬੰਧੀ ਰਹਿੰਦ-ਖੂਹੰਦ, ਪ੍ਰਵਾਨਿਤ ਘਰੇਲੂ ਵਸਤੂਆਂ ਅਤੇ ਬਗੀਚੇ ਦੀ ਕਾਂਟ-ਛਾਂਟ। ਫ਼ਲਾਂ ਤੋਂ ਪੈਕੇਜਿੰਗ, ਰਬੜ ਬੈਂਡ ਅਤੇ ਸਟਿੱਕਰ ਹਟਾਓ।**

### ਸਵੀਕਾਰ ਕੀਤੀਆਂ ਜਾਂਦੀਆਂ ਵਸਤੂਆਂ

ਇਹ ਪੂਰੀ ਸੂਚੀ ਨਹੀਂ ਹੈ

- ਪੁਰਾਣਾ, ਨਾ-ਖਾਣ ਯੋਗ ਭੋਜਨ
- ਪੀਸੀ ਹੋਈ ਕੌਫ਼ੀ ਦਾ ਵੇਸਟ, ਖੁੱਲ੍ਹੀ ਚਾਹ ਪੱਤੀ
- ਕਾਗਜ਼ ਦਾ ਤੌਲੀਆ, ਚਿਹਰੇ ਦੇ ਟਿਸ਼ੂ
- ਦਹੀਂ ਸਮੇਤ ਡੇਅਰੀ ਉਤਪਾਦ
- ਫ਼ਲ ਅਤੇ ਸਬਜ਼ੀਆਂ ਦੀ ਰਹਿੰਦ-ਖੂੰਹਦ
- ਮੀਟ, ਸਮੁੰਦਰੀ ਭੋਜਨ, ਹੱਡੀਆਂ, ਅੰਡੇ ਦੇ ਛਿੱਲਕੇ
- ਪੱਤੇ, ਪੌਦੇ, ਟਹਿਣੀਆਂ, ਘਾਹ, ਹਾਨੀਕਾਰਕ ਜੰਗਲੀ ਬੂਟੀ



### ਸਵੀਕਾਰ ਨਹੀਂ ਕੀਤਾ ਜਾਂਦਾ

ਪਲਾਸਟਿਕ, ਜਿਸ ਵਿੱਚ ਬਾਇਓਡੀਗ੍ਰੇਡੇਬਲ (ਕੁਦਰਤੀ ਤਰੀਕੇ ਨਾਲ ਗਲਨਯੋਗ) ਜਾਂ ਗੈਰ-ਪ੍ਰਮਾਣਿਤ ਕੰਪੋਸਟ ਕਰਨ ਯੋਗ ਪਲਾਸਟਿਕ, ਕੌਫੀ ਪੌਡ, ਟ੍ਰੀਟਿਡ ਲੱਕੜ, ਕੱਪੜੇ, ਨੈਪੀਆਂ, ਗਿੱਲੇ ਪੂੰਝੇ, ਰੀਸਾਈਕਲ ਕਰਨ ਯੋਗ ਸਮੱਗਰੀ ਜਾਂ ਖ਼ਤਰਨਾਕ ਕੂੜਾ ਸ਼ਾਮਲ ਹਨ।

**ਸਵੀਕਾਰ ਕੀਤੀਆਂ ਵਸਤੂਆਂ ਦੀ ਪੂਰੀ ਸੂਚੀ ਲਈ QR ਕੋਡ ਨੂੰ ਸਕੈਨ ਕਰੋ।**




# ਮਿਸ਼ਰਤ ਰੀਸਾਈਕਲਿੰਗ

## ਪੰਦਰਵਾੜੇ ਦੀ ਸੇਵਾ

**ਜਦੋਂ ਇਸ ਕੂੜੇਦਾਨ ਵਿੱਚ ਰੱਖੀਆਂ ਜਾਂਦੀਆਂ ਹਨ ਤਾਂ ਵਸਤੂਆਂ ਖੁੱਲ੍ਹੀਆਂ ਅਤੇ ਭੋਜਨ ਦੀ ਰਹਿੰਦ-ਖੂਹੰਦ ਤੋਂ ਸਾਫ਼ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਨੂੰ ਪਲਾਸਟਿਕ ਦੀਆਂ ਥੈਲੀਆਂ ਵਿੱਚ ਨਾ ਪਾਓ। ਜਗ੍ਹਾ ਬਚਾਉਣ ਲਈ ਡੱਬਿਆਂ ਨੂੰ ਫਲੈਟ ਕਰ (ਚਿਪਕਾ) ਦਿਓ।**

### ਸਵੀਕਾਰ ਕੀਤੀਆਂ ਜਾਂਦੀਆਂ ਵਸਤੂਆਂ

ਇਹ ਪੂਰੀ ਸੂਚੀ ਨਹੀਂ ਹੈ

- ਸਵੀਕਾਰ ਕੀਤੇ ਪਲਾਸਟਿਕ ਦੀਆਂ ਬੋਤਲਾਂ ਅਤੇ ਡੱਬੇ
- ਅਲਮੀਨੀਅਮ ਅਤੇ ਸਟੀਲ ਦੇ ਟੀਨ, ਡੱਬੇ, ਫੁਆਇਲ
- ਕੱਚ ਦੀਆਂ ਬੋਤਲਾਂ ਅਤੇ ਮਰਤਬਾਨ
- ਗੱਤੇ, ਸੀਰੀਅਲ ਦੇ ਡੱਬੇ, ਅੰਡੇ ਦੇ ਡੱਬੇ
- ਕਾਗਜ਼, ਅਖ਼ਬਾਰ, ਰਸਾਲੇ, ਕਾਗਜ਼ ਦੇ ਲਿਫ਼ਾਫ਼ੇ




### ਸਵੀਕਾਰ ਨਹੀਂ ਕੀਤਾ ਜਾਂਦਾ

ਪਲਾਸਟਿਕ ਬੈਗ, ਹੋਰ ਨਰਮ ਪਲਾਸਟਿਕ, ਕੱਪੜੇ, ਜੁੱਤੀਆਂ, ਟੈਕਸਟਾਈਲ, ਪਰਤ ਚੜ੍ਹਿਆਂ ਜਾਂ ਮੋਮ ਵਾਲਾ ਗੱਤਾ, ਇਲੈਕਟ੍ਰਾਨਿਕ ਕੂੜਾ ਅਤੇ ਬੈਟਰੀਆਂ, ਚੀਨੀ ਦੇ ਬਰਤਨ, ਪੋਲੀਸਟੀਰੀਨ (ਸਟਾਇਰੋਫੋਮ), ਕੌਫੀ ਦੇ ਕੱਪ ਜਾਂ ਖ਼ਤਰਨਾਕ ਕੂੜਾ।

**ਸਵੀਕਾਰ ਕੀਤੀਆਂ ਵਸਤੂਆਂ ਦੀ ਪੂਰੀ ਸੂਚੀ ਲਈ QR ਕੋਡ ਨੂੰ ਸਕੈਨ ਕਰੋ।**




# ਆਮ ਕੂੜਾ

## ਪੰਦਰਵਾੜੇ ਦੀ ਸੇਵਾ

**ਇਸ ਕੂੜੇਦਾਨ ਨੂੰ ਉਹਨਾਂ ਚੀਜ਼ਾਂ ਲਈ ਵਰਤੋਂ ਜੋ ਮੁੜ-ਵਰਤੋਂ ਜਾਂ ਰੀਸਾਈਕਲ ਨਹੀਂ ਕੀਤੀਆਂ ਜਾ ਸਕਦੀਆਂ ਹਨ। ਭੋਜਨ ਦੀ ਰਹਿੰਦ-ਖੂੰਹਦ ਹੁਣ ਇਸ ਕੂੜੇਦਾਨ ਵਿੱਚ ਨਹੀਂ ਜਾਂਦੀ ਹੈ।**

### ਸਵੀਕਾਰ ਕੀਤੀਆਂ ਜਾਂਦੀਆਂ ਵਸਤੂਆਂ

ਇਹ ਪੂਰੀ ਸੂਚੀ ਨਹੀਂ ਹੈ

- ਟੁੱਟਿਆ ਹੋਇਆ ਕੱਚ ਦਾ ਸਮਾਨ, ਚੀਨੀ ਦੇ ਬਰਤਨ ਅਤੇ ਸ਼ੀਸ਼ੇ
- ਨੈਪੀਆਂ ਅਤੇ ਗਿੱਲੇ-ਪੂੰਝੇ
- ਪੁਰਾਣੇ ਕੱਪੜੇ, ਜੁੱਤੇ ਜਾਂ ਟੈਕਸਟਾਈਲ ਜਿਨ੍ਹਾਂ ਦੀ ਮੁਰੰਮਤ ਜਾਂ ਦਾਨ ਨਹੀਂ ਕੀਤਾ ਜਾ ਸਕਦਾ ਹੈ
- ਖੁੱਲੇ ਮਰਤਬਾਨ ਦੇ ਢੱਕਣ ਅਤੇ ਬੋਤਲ ਦੇ ਢੱਕਣ, ਪੰਪ, ਸਪਰੇਅ, ਡਰਾਪਰ



### ਸਵੀਕਾਰ ਨਹੀਂ ਕੀਤਾ ਜਾਂਦਾ

ਇਲੈਕਟ੍ਰਾਨਿਕ ਰਹਿੰਦ-ਖੂੰਹਦ ਅਤੇ ਬੈਟਰੀਆਂ, ਭੋਜਨ ਅਤੇ ਬਾਗ ਦਾ ਕੂੜਾ, ਘਰੇਲੂ ਰਸਾਇਣ, ਰੀਸਾਈਕਲ ਕਰਨ ਯੋਗ ਵਸਤੂਆਂ, ਮਿੱਟੀ, ਨਿਰਮਾਣ ਸਮੱਗਰੀ ਜਾਂ ਖ਼ਤਰਨਾਕ ਰਹਿੰਦ-ਖੂੰਹਦ।

**ਸਵੀਕਾਰ ਕੀਤੀਆਂ ਵਸਤੂਆਂ ਦੀ ਪੂਰੀ ਸੂਚੀ ਲਈ QR ਕੋਡ ਨੂੰ ਸਕੈਨ ਕਰੋ।**

